## ਦਫਤਰ:- ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸਾਖਾ, ਰੂਪਨਗਰ

ਟੈਲੀਫੋਨ -ਕਮ-ਫੈਕਸ -01881-222934 ਈ-ਮੇਲ.pwdropar@yahoo.co.in

ਵੱਲ

**M/s Vindhya Telelinks Limited,**
**E 237, 3rd Floor Industrial Area,**
**Phase-VIII , Mohali.**

ਮੀਮੋ ਨੰ: 9896 ਮਿਤੀ:- 19-9-17

ਵਿਸ਼ਾ:- **Request for grant of right of way Permission for laying Optical Fiber Cable along the route from Ropar Head Works to Nurpur bedi to Jhajj Chowk to kalwan Mour upto Nangal Total length 58 Kms.**

ਹਵਾਲਾ:- ਆਪ ਦਾ ਪੱਤਰ ਨੰਬਰ Nil ਮਿਤੀ 30-6-17.

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਜੀ ਵੱਲੋਂ ਬੈਂਕ ਗਾਰੰਟੀ ਨੰ: 1701381 BGP000075 ਰਕਮ 26,47,400 ਰੁਪਏ ਮਿਤੀ 7-7-2017 (IDBI Bank, Branch-6 Malaviya Nagar, NEA ADJ to LIC Bhopal-SCB 462003 valid upto 6-07-2018) ਅਤੇ ਸੜਕ ਤੇ ਰੋਡ ਕੱਟ ਲਗਾਉਣ ਲਈ ਲੋੜੀਦੀ ਰਕਮ 3,18,304/- ਰੁਪਏ ਇਸ ਦਫਤਰ ਵਿੱਚ ਜਮਾਂ ਕਰਵਾਈ ਗਈ ਹੈ, ਉਸ ਅਨੁਸਾਰ ਰੋਡ ਕੱਟ ਲਗਾਉਣ ਦੀ permission ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਹ ਕੇਬਲ ਮਹਿਕਮਾ ਲੋਕ ਨਿਰਮਾਣ ਵਿਭਾਗ ਦੀ ਲੈਂਡ ਬਾਊਂਡਰੀ ਦੇ ਅਖੀਰ ਵਿੱਚ ਪਾਈ ਜਾਵੇ। ਉਪਰੋਕਤ ਸ਼ਰਤ ਤੋਂ ਇਲਾਵਾ **Ropar Head Works** to Nurpur bedi to Jhajj Chowk to kalwan **Mour upto Nangal Total length 58 Kms** ਤੱਕ ਓਪਟੀਕਲ ਫਾਈਬਰ ਕੇਬਲ ਪਾਉਣ ਦੀ ਐਨ.ਓ.ਸੀ. ਹੇਠ ਲਿਖੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ :-

1) ਕੇਬਲ ਪਾਉਣ ਤੋਂ ਪਹਿਲਾਂ ਜਿਲ੍ਹਾ ਪ੍ਰੀਸਦ/ਵਣ ਵਿਭਾਗ ਤੋਂ ਐਨ.ਓ.ਸੀ. ਲੈ ਲਈ ਜਾਵੇ।
2) ਪੁੱਲਾਂ ਉੱਤੇ ਕੇਬਲ ਪੈਰਾਪਿਟ ਤੋਂ ਬਾਹਰ ਕਰਕੇ ਜੀ.ਆਈ. ਪਾਇਪ ਕਲੰਪ ਰਾਹੀਂ ਬਾਹਰ-ਬਾਹਰ ਰੱਖੀ ਜਾਵੇ ਅਤੇ ਪੁੱਲਾਂ ਦਾ ਕਿਸੀ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ।
3) ਪੁੱਲਾਂ ਦੀਆਂ ਅਪਰੋਚਾਂ ਵਿੱਚ ਕੇਬਲ ਹਾਈ ਇੰਮਬੈਂਕਮੈਂਟ ਵਾਲੀ ਥਾਂ ਤੇ ਟੋਅ ਵਿੱਚ ਪਾਈ ਜਾਵੇ।
4) ਪਿੱਟ ਅਤੇ ਮੇਨ ਹੋਲ ਆਈ.ਆਰ.ਸੀ. ਦੀ ਸਰਤਾਂ ਅਨੁਸਾਰ ਬਣਾਏ ਜਾਣ ਅਤੇ ਇਸ ਦੀ ਸਲੈਬ ਦਾ ਲੈਵਲ ਰੋਡ ਲੈਵਲ ਤੋਂ ਉੱਚਾ ਨਾ ਰੱਖਿਆ ਜਾਵੇ।
5) ਜੇਕਰ ਆਪ ਵੱਲੋਂ ਪਾਈ ਜਾਂਦੀ ਕੇਬਲ ਦੇ ਰਸਤੇ ਵਿੱਚ ਕੋਈ ਸਟਰੱਕਚਰ ਜਾਂ ਕੋਈ ਆਬਸਟਰੈਕਸਨ ਆਉਂਦੀ ਹੈ ਜਾਂ ਕੇਬਲ ਪਾਉਣ ਲਈ RoW ਉਪਲਬਧ ਨਹੀ ਹੈ ਤਾਂ ਇਸ ਕੇਬਲ ਦਾ ਰੂਟ ਬਦਲਣ ਲਈ ਪਾਬੰਦ ਹੋਵੇਗੀ।
6) ਕੇਬਲ ਪਾਉਣ ਦਾ ਕੰਮ ਪੂਰਾ ਹੋਣ ਉਪਰੰਤ ਕੀਤੇ ਗਏ ਕੰਮ ਵਾਲੀ ਥਾਂ ਨੂੰ 7 ਦਿਨਾਂ ਦੇ ਅੰਦਰ-ਅੰਦਰ ਰੀਸਟੋਰ ਕਰੇਗੀ।
7) ਕੰਮ ਕਰਨ ਦੌਰਾਨ ਜੇਕਰ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਸਬੰਧੀ ਆਪ ਦੀ ਖੁਦ ਜਿੰਮੇਵਾਰ ਹੋਵੇਗੀ।
8) ਕੰਮ ਕਰਨ ਦੌਰਾਨ ਜੇਕਰ ਸੜਕ ਜਾਂ ਸੜਕ ਦੇ ਕਿਸੇ ਸਟਰੱਕਚਰ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਪੂਰਤੀ ਆਪ ਜੀ ਵੱਲੋਂ ਜਮਾਂ ਕਰਵਾਈ ਗਈ ਬੈਂਕ ਗਾਰੰਟੀ ਦੀ ਰਕਮ ਵਿੱਚੋਂ ਕੀਤੀ ਜਾਵੇਗੀ।
9) ਕੇਬਲ ਪਾਉਣ ਸਮੇਂ ਅਗਰ ਕੋਈ ਝਗੜਾ, ਦੁਰਘਟਨਾ ਅਤੇ ਕੋਈ ਕੋਰਟ ਕੇਸ ਹੁੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਆਪ ਦੀ ਹੋਵੇਗੀ।
10) ਕੰਮ ਸਮੇਂ ਸਿਰ ਮੁਕੰਮਲ (4 ਮਹੀਨੇ) ਮਿਤੀ 31-01-2018 ਤੱਕ ਨਾ ਕਰਨ ਦੀ ਸੂਰਤ ਵਿੱਚ ਬੈਂਕ ਗਾਰੰਟੀ ਜੋ ਕਿ ਮਿਤੀ 6-07-2018 ਨੂੰ ਖਤਮ ਹੋਣ ਤੋਂ ਇੱਕ ਮਹੀਨਾ ਪਹਿਲਾਂ ਆਪ ਵੱਲੋਂ ਵਧਾਈ ਜਾਵੇਗੀ।

ਨੱਥੀ/×

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।